**PUNJAB STATE TRANSMISION CORPORATION LIMITED**
Regd. Office: PSEB, HEAD OFFICE, THE MALL,PATIALA
OFFICE OF: CFO, Cash Section, IInd FLOOR, SHAKTI SADAN,
PATIALA-147001, Punjab, India.
Corporate Identity Number: U40109PB2010SGC033814.
M:96461-08785, Ph.NO.0175-2970794 FAX-0175-2206523. E-mail: ao-cash@pstcl.org

ਵੱਲ,

ਸਾਰੇ ਵਧੀਕ ਨਿਗ: ਇੰਜ:/ਸੀ.ਕਾ.ਕਾ.ਇੰਜ./ਲੇਖਾ ਅਫਸਰ/ਡੀ.ਡੀ.ਓਜ਼.,
ਅਧੀਨ ਪੀ.ਐਸ.ਟੀ.ਸੀ. ਐਲ. ।

ਮੀਮੋ ਨੰ: 401 / ਮਿਤੀ: 03/08/2023

ਵਿਸ਼ਾ:- ਰਿਟਾਇਰ ਹੋ ਰਹੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਸਮੇਂ ਸਿਰ ਆਡਿਟ ਸਕਰੂਟਨੀ ਹਿਤ ਭੇਜਣ ਸਬੰਧੀ।

ਹਵਾਲਾ:-ਮੁੱਖ ਵਿੱਤ ਅਫਸਰ, ਪੀ.ਐਸ.ਟੀ.ਸੀ. ਐਲ. ਪਟਿਆਲਾ ਜੀ ਦੇ ਪੱਤਰ ਨੰ: 18/56 ਮਿਤੀ 10.03.2021 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਦਰਜ ਪੱਤਰ ਸਬੰਧੀ, ਆਪ ਜੀ ਨੂੰ ਹਦਾਇਤਾ ਜਾਰੀ ਕੀਤੀਆ ਗਈਆਂ ਸਨ ਕਿ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਰਿਟਾਇਰਮੈਂਟ ਦੀ ਮਿਤੀ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਇਸ ਦਫਤਰ ਨੂੰ ਆਡਿਟ ਸਕਰੂਟਨੀ ਹਿੱਤ ਭੇਜਣਾ ਯਕੀਨੀ ਬਣਾਇਆ ਜਾਵੇ ਪਰ ਇਹ ਦੇਖਣ ਵਿੱਚ ਆਇਆਂ ਹੈ ਕਿ ਇਹਨਾ ਹਦਾਇਤਾ ਦੀ ਪਾਲਣਾ ਨਹੀ ਕੀਤੀ ਜਾ ਰਹੀ ਅਤੇ ਤਕਰੀਬਨ ਸਾਰੀਆਂ ਹੀ ਸੇਵਾ ਪੱਤਰੀਆਂ ਰਿਟਾਇਰ ਹੋਣ ਤੋਂ ਕੁੱਝ ਦਿਨ ਪਹਿਲਾਂ ਜਾਂ ਰਿਟਾਇਰ ਹੋਣ ਤੋਂ ਬਾਅਦ, ਇਸ ਦਫਤਰ ਨੂੰ ਆਡਿਟ ਹਿੱਤ ਭੇਜੀਆਂ ਜਾਂ ਰਹੀਆਂ ਹਨ।ਇੱਥੇ ਇਹ ਵੀ ਦੱਸਣਯੋਗ ਹੈ ਕਿ ਹਦਾਇਤਾ ਅਨੁਸਾਰ ਕਰਮਚਾਰੀ ਦੀ 50-55 ਸਾਲ ਉਮਰ ਪੁੱਗਣ ਤੇ ਸੇਵਾ ਪੱਤਰੀਆਂ ਸਬੰਧਤ ਲੇਖਾ ਅਫਸਰ ਪਾਸੋਂ ਆਡਿਟ ਨਹੀ ਕਰਵਾਈਆ ਜਾ ਰਹੀਆਂ ਹਨ ਜਿਸ ਕਾਰਣ ਸੇਵਾ ਪੱਤਰੀਆਂ ਫਾਇਨਲ ਆਡਿਟ ਕਰਨ ਸਮੇਂ ਜੋ ਤਰੁੱਟੀਆਂ 50-55 ਸਾਲ ਉਮਰ ਪੁੱਘਣ ਤੇ ਦੂਰ ਹੋ ਸਕਦੀਆਂ ਸਨ ਉਹ ਇਸ ਦਫਤਰ ਵੱਲੋ ਲਗਾਏ ਜਾ ਰਹੇ ਇਤਰਾਜ ਰਿਟਾਇਰਮੈਟ ਤੋ ਕੁੱਝ ਦਿਨ ਪਹਿਲਾਂ ਜਾ ਰਿਟਾਇਰਮੈਟ ਤੋ ਬਾਅਦ ਮੁਕੰਮਲ ਕੀਤੇ ਜਾ ਰਹੇ ਹਨ ।

ਉਪਰੋਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਕਾਰਨ ,ਕਰਮਚਾਰੀ ਨੂੰ ਰਿਟਾਇਰਮੈਂਟ ਹੋਣ ਤੇ ਬਿਨਾਂ ਵਜਾਂ ਪੈਨਸ਼ਨਰੀ ਬੈਨਿਫਿਟ ਲੈਣ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈਦਾਂ ਹੈ ਜੋ ਕਿ ਸਹੀ ਨਹੀ ਹੈ ਅਤੇ ਇਸਨੂੰ ਉੱਚ ਅਧਿਕਾਰੀਆਂ ਨੇ ਬੜੀ ਗੰਭੀਰਤਾ ਨਾਲ ਲਿਆ ਹੈ ।ਇਸ ਲਈ ਆਪ ਜੀ ਨੂੰ ਮੁੜ ਲਿਖਿਆ ਜਾਦਾ ਹੈ ਕਿ ਰਿਟਾਇਰ ਹੋ ਰਹੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ (50-55 ਸਾਲ ਉਮਰ ਪੁੱਗਣ ਤੇ ਸਬੰਧਤ ਲੇਖਾ ਅਫਸਰ ਪਾਸੋਂ ਆਡਿਟ ਕਰਵਾਉਣ ਉਪਰੰਤ) ਸਮੇ-ਸਿਰ ਪੂਰੀ ਤਰਾਂ ਮੁਕੰਮਲ ਕਰਨ ਉਪੰਰਤ ਰਿਟਾਇਰਮੈਂਟ ਦੀ ਮਿਤੀ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਇਸ ਦਫਤਰ ਨੂੰ ਭੇਜੀਆਂ ਜਾਣ ਤਾਂ ਜੋ ਕਰਮਚਾਰੀ ਦੇ ਪੈਨਸ਼ਨਰੀ ਬੈਨਿਫਿਟ ਸਮੇਂ ਸਿਰ ਮਿਲ ਸਕਨ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਰਮਚਾਰੀ ਦੇ ਪੈਨਸ਼ਨ ਕੇਸ ਵਿੱਚ ਹੋਣ ਵਾਲੀ ਦੇਰੀ ਦੀ ਜਿੰਮੇਵਾਰੀ ਆਪ ਜੀ ਦੇ ਦਫਤਰ ਦੀ ਹੋਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ।

3/8/23
ਲੇਖਾ ਅਫਸਰ/ਈ.ਏ.ਡੀ.
ਪੀ.ਐਸ.ਟੀ.ਸੀ.ਐਲ., ਪਟਿਆਲਾ।

CamScanner